
# ਜੈਨ ਧਰਮ ਇਕ ਸੰਖੇਪ ਜਾਣਕਾਰੀ

ਪ੍ਰੇਰਿਕਾ :

ਜਿਨ ਸ਼ਾਸਕ ਪ੍ਰਭਾਵਿਕਾ ਜੈਨ ਜਯੋਤੀ ਉਪਪ੍ਰਵਰਤਨੀ,

ਸ੍ਰੀ ਸਵਰਨ ਕਾਂਤਾ ਜੀ ਮਹਾਰਾਜ




ਲੇਖਕ

ਰਵਿੰਦਰ ਜੈਨ

ਪੁਰਸ਼ੋਤਮ ਜੈਨ



ਪ੍ਰਕਾਸ਼ਕ :

**25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਸੰਯੋਜਿਕਾ ਸਮਿਤੀ (ਪੰਜਾਬ)**

ਵਿਮਲ ਕੋਲ ਡਿਪੂ, ਪੁਰਾਣਾ ਬਸ ਸਟੈਂਡ

ਮਹਾਵੀਰ ਸਟਰੀਟ, ਮਾਲੇਰਕੋਟਲਾ (ਸੰਗਰੂਰ)

ਮਿਲਣ ਦਾ ਪਤਾ :

**ਲਾਹੌਰ ਬੁਕ ਸ਼ਾਪ, ਲਾਜਪਤ ਰਾਏ ਮਾਰਕੀਟ, ਲੁਧਿਆਣਾ**

ਕੀਮਤ 100-00 ਰੁਪਏ

ਸ੍ਰੀ ਰਾਜ ਕੁਮਾਰ ਸ਼ਰਮਾ ਮੈਨੇਜਰ ਆਤਮ ਜੈਨ ਪ੍ਰਿੰਟਿਗ ਪ੍ਰੈਸ 350 ਇੰਡਸਟਰੀ ਏਰੀਆ ਲੁਧਿਆਣਾ ਤੋਂ ਛਪਿਆ ।

# ਸਹਿਯੋਗੀਆਂ ਦੀ ਸੂਚੀ

ਡਾ: ਰਾਮ ਕੁਮਾਰ ਸੰਗਰੂਰ
ਸ੍ਰੀ ਸੁਦਰਸ਼ਨ ਲਾਲ ਜੈਨ ਦਿੱਲੀ
ਸ੍ਰੀ ਮਥੁਰਾ ਦਾਸ ਜੈਨ ਸੰਗੋਰਿਆ
ਭੈਣ ਅੰਜੂ ਜੈਨ ਲੁਧਿਆਣਾ
ਸ੍ਰੀਮਤੀ ਕਮਲਾ ਜੀ ਹੁਸ਼ਿਆਰਪੁਰ
ਸ੍ਰੀ ਵਿਵੇਕ ਜੈਨ ਜਲੰਧਰ
ਸ੍ਰੀ ਮਦਨ ਲਾਲ ਲੁਧਿਆਣਾ
ਸ੍ਰੀ ਸੁਸ਼ੀਲ ਜੈਨ ਹੁਸ਼ਿਆਰਪੁਰ
ਭੈਣ ਵਿਜਯ ਕੁਮਾਰੀ ਜੈਨ ਸੋਨੀਪਤ
ਸ੍ਰੀ ਅਜਿਤ ਜੈਨ ਲੁਧਿਆਣਾ
ਭੈਣ ਸੰਤੋਸ਼
ਭੈਣ ਵਿਮਲਾ ਰਾਜਪੁਰਾ
ਭੈਣ ਸਨੇਹ ਬਠਿੰਡਾ
ਸ੍ਰੀ ਸੁਰਿੰਦਰ ਕੁਮਾਰ ਮਹਿੰਦਰਗੜ੍ਹ
ਸ੍ਰੀ ਹਰੀ ਕ੍ਰਿਸ਼ਨ ਗੋਇੰਦਵਾਲ
ਭੈਣ ਮੰਮਤਾ ਜੈਨ ਹਨੂੰਮਾਨਗੜ੍ਹ
ਭੈਣ ਲੰਜਾ ਜੈਨ ਹਨੂੰਮਾਨਗੜ੍ਹ
ਸ੍ਰੀ ਰਮੇਸ਼ ਕੁਮਾਰ ਜੈਨ ਜਲੰਧਰ
ਸ੍ਰੀ ਮੁਕੇਸ਼ ਜੈਨ ਦਿੱਲੀ
ਸ੍ਰੀ ਰਾਮ ਮੂਰਤੀ ਜੈਨ ਮਲੇਰਕੋਟਲਾ

ਸ੍ਰੀ ਰਮੇਸ਼ ਜੈਨ ਸਪੁਤਰ
ਸ੍ਰੀ ਮੁਨਾ ਲਾਲ ਜੈਨ ਮਲੇਰਕੋਟਲਾ
ਸ੍ਰੀ ਹੰਸਰਾਜ ਤੇਜ ਪਾਲ ਜੈਨ ਮਲੇਰਕੋਟਲਾ
ਸ੍ਰੀ ਵਿਜੈ ਕੁਮਾਰ ਗੋਇਲ ਧੂਰੀ
ਸ੍ਰੀ ਰਾਮ ਕ੍ਰਿਸ਼ਨ ਕਿੰਗਰ ਸਪੁਤਰ
ਸ੍ਰੀ ਗੁਰਦਿਆ ਰਾਮ ਨਵਭਾਰਤ ਕਾਸੀਟਰਾਂ
ਰੇਲਵੇ ਰੋਡ ਮਲੇਰਕੋਟਲਾ
ਸ੍ਰੀ ਆਤਮਾ ਨੰਦ ਜੈਨ ਸਭਾ ਮਲੇਰਕੋਟਲਾਂ
ਸ੍ਰੀ ਵਿਮਲ ਜੈਨ ਸਨਮਤੀ ਚੈਰੀਟੇਵਲ ਟ੍ਰਸਟ
ਕੁੱਪ ਕਲਾਂ
ਸ੍ਰੀ ਰਾਜਕੁਮਾਰ ਜੈਨ ਮਲੇਰਕੋਟਲਾ
ਭਾਰਤ ਕੋਲ ਏਜੰਸੀ ਲੁਧਿਆਣਾ
ਸ੍ਰੀ ਪਵਨ ਕੁਮਾਰ ਜੈਨ ਮਲੇਰਕੋਟਲਾਂ
ਸ੍ਰੀਮਤੀ ਰਘੋ ਦੇਵੀ ਜੈਨ, ਵਿਮਲਾ ਜੈਨ
ਸਰਲਾ ਜੈਨ
ਸ੍ਰੀ ਜੀਵਨ ਕੁਮਾਰ ਜੈਨ ਧੂਰੀ
ਸ. ਝਿਰਮਿੱਲ ਸਿੰਘ ਗੋਬਿੰਦਪੁਰਾਂ
ਸੁਭਾਸ਼ ਜੈਨ ਲੁਧਿਆਣਾ
ਸੁਰਿੰਦਰ ਕੁਮਾਰ ਮਲੇਰਕੋਟਲਾ
ਐਸ ਐਸ ਕਟਾਰੀਆ

ਉਪਰੋਕਤ ਸਭ ਧਰਮ ਪ੍ਰੇਮੀ ਉਪਾਸਨਾ ਦਾ 25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਸੰਯੋਜਿਨਾ ਸਮਿਤੀ ਤਹਿਦਿਲ ਤੋਂ ਧੰਨਵਾਦ ਕਰਦੀ ਹੈ ਜਿਨਾ ਅਪਣੀ ਪਵਿੱਤਰ ਕਮਾਈ ਨੂੰ ਧਰਮ ਪ੍ਰਚਾਰ ਉਦੇਸ਼ ਲਈ ਵਰਤਿਆ। ਭਵਿੱਖ ਵਿਚ ਵੀ ਸੰਸਥਾਂ ਨੂੰ ਸਹਿਯੋਗ ਮਿਲਦ ਰਹੇਗਾ।

ਸ਼ੁਭ ਚਿੰਤਕ
ਸੰਯੋਜਕ
**25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਸੰਯੋਜਿਕਾ ਸਮਿਤਿ**
ਪੰਜਾਬ

31-3-89
ਜੈਨ ਭਵਨ
ਮਲੇਰਕੋਟਲਾ

# ਦੋ ਸ਼ਬਦ

ਇਸ ਪੁਸਤਕ ਦੇ ਲੇਖਕ ਸ੍ਰੀ ਪੁਰਸ਼ੋਤਮ ਜੈਨ ਤੇ ਸ੍ਰੀ ਰਵਿੰਦਰ ਜੈਨ ਨੂੰ ਕਿਸੇ ਪਰਿਚੈ ਦੀ ਲੋੜ ਨਹੀਂ। ਇਨ੍ਹਾਂ ਧਰਮ-ਵੀਰਾਂ ਨੇ ਪਿਛਲੇ 20 ਸਾਲਾਂ ਦੇ ਵੱਧ ਸਮੇਂ ਤੋਂ ਪੁਰਾਤਨ ਜੈਨ ਗ੍ਰੰਥਾਂ, ਸ਼ਰੁਤ, ਸਾਹਿੱਤ, ਭਗਵਾਨ ਮਹਾਵੀਰ ਦੇ ਪ੍ਰਵਚਨਾ, ਜੀਵਨ-ਸਾਖੀਆਂ ਆਦਿ ਵਿਚੋਂ ਜੈਨ-ਦਰਸ਼ਨ, ਸਿਧਾਂਤਾਂ, ਉਪਦੇਸ਼ਾਂ ਅਤੇ ਜੈਨ-ਰੀਤੀਆਂ ਦੇ ਹੀਰੇ, ਮੋਤੀ ਤੇ ਪੰਨੇ ਚੁਣ ਚੁਣ ਕੇ ਪੰਜਾਬੀ ਪਾਠਕਾਂ ਨੂੰ 15 ਅਨੁਵਾਦਿਤ ਅਤੇ 25 ਮੂਲ ਪੁਸਤਕਾਂ ਦੇ ਰੂਪ ਵਿਚ ਭੇਂਟ ਕੀਤੇ ਹਨ। ਇਨ੍ਹਾਂ ਲੇਖਕਾਂ ਨੇ ਜਿਥੇ ਪੰਜਾਬੀ ਜੈਨੀਆਂ ਨੂੰ ਆਪਣੇ ਅਧਿਆਤਮਕ ਵਿਰਸੇ ਅਤੇ ਧਾਰਮਿਕ ਖ਼ਜਾਨੇ ਨਾਲ ਜੋੜਿਆ ਹੈ ਉਥੇ ਨਾਲ ਹੀ ਹੋਰ ਧਰਮਾਂ ਦੇ ਸਨੇਹੀਆਂ, ਉਪਾਸ਼ਕਾਂ ਤੇ ਸਕਾਲਰਾਂ ਦੀ, ਸ਼ਲਾਘਾਯੋਗ ਗਿਆਨ ਵ੍ਰਿਧੀ ਕੀਤੀ ਹੈ। ਪਰ ਅੱਜ ਦੇ ਇਲੈਕਟ੍ਰਾਨਿਕ ਯੁਗ ਵਿਚ ਲੋਕੀ ਵੱਧ ਤੋਂ ਵੱਧ ਗਿਆਨ ਮਿੰਟਾਂ-ਸੈਕਿੰਟਾਂ ਵਿਚ ਪ੍ਰਾਪਤ ਕਰਨ ਦੇ ਇਛੁੱਕ ਹਨ। ਵੱਡੀਆਂ ਵੱਡੀਆਂ ਦਾਰਸ਼ਿਕ ਤੇ ਔਖੀਆਂ ਪੁਸਤਕਾਂ ਪੜ੍ਹਣ ਲਈ ਨਾ ਤਾਂ ਪਾਠਕਾਂ ਪਾਸ ਸਮਾਂ ਹੈ ਅਤੇ ਨਾ ਹੀ ਇੱਛਾ। ਇਸ ਲੋੜ ਨੂੰ ਮੁੜ ਰੱਖ ਕੇ ਸ੍ਰੀ ਪੁਰਸ਼ੋਤਮ ਜੈਨ ਤੇ ਸ੍ਰੀ ਰਵਿੰਦਰ ਜੈਨ ਨੇ ਜੈਨ ਧਰਮ ਬਾਰੇ ਸੰਖੇਪ ਜਾਣਕਾਰੀ ਦੇਣ ਲਈ ਇਹ ਪੁਸਤਕ ਤਿਆਰ ਕਰਨ ਦਾ ਪ੍ਰਯਤਨ ਕੀਤਾ ਹੈ।

ਇਨ੍ਹਾਂ ਨਿਸ਼ਠਾ ਬੱਧ ਲੇਖਕਾਂ ਨੇ ਇਸ ਪੁਸਤਕ ਵਿਚ ਜੈਨ ਧਰਮ ਦੇ ਇਤਿਹਾਸ, ਵਿਕਾਸ, ਪਰੰਪਰਾਵਾਂ, ਸਾਹਿਤ, ਫਿਰਕਿਆਂ, ਰੁਹ-ਰੀਤੀਆਂ ਤੋਂ ਇਲਾਵਾ ਦਾਰਸ਼ਨਿਕ ਪੱਖਾਂ ਜਿਵੇਂ ਆਤਮਾ, ਈਸ਼ਵਰ, ਕਰਮ, ਲੋਕ, ਅਨੇਕਾਂਤਵਾਦ, ਨਯ ਨਿਕਸ਼ੇਪ ਪ੍ਰਮਾਣ, ਤ੍ਰੈ ਰਤਨਾਂ, ਨੌ ਤਤ੍ਵਾਂ ਤੇ ਛੇ ਦ੍ਰਵਾਂ ਆਦਿ ਬਾਰੇ ਵੀ ਪ੍ਰਸੰਸਾਜਨਕ ਜਾਣਕਾਰੀ ਦਿੱਤੀ ਹੈ। ਇਨ੍ਹਾਂ ਨੇ ਇਸ ਪੁਸਤਕ ਵਿਚ ਬੋਲੀ ਬੜੀ ਸਰਲ ਤੇ ਵਿਸ਼ੇ ਅਨੁਸਾਰ ਢੁਕਵੀ ਵਰਤੀ ਹੈ ਅਤੇ ਇਸ ਨੂੰ ਵੱਧ ਤੋਂ ਵੱਧ ਆਕਰਸ਼ਿਤ ਬਣਾਇਆ ਹੈ। ਮੈਨੂੰ ਪੂਰਣ ਆਸ ਹੈ ਕਿ ਜੈਨ-ਸਮਾਜ, ਪੰਜਾਬੀ ਪਾਠਕਾਂ ਅਤੇ ਜੈਨ-ਧਰਮ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਮਤਵਾਲੇ ਇਸ ਪੁਸਤਕ ਦਾ ਨਿੱਘਾ ਸਵਾਗਤ ਕਰਨਗੇ। ਨਾਲ ਹੀ ਮੈਨੂੰ ਵਿਸ਼ਵਾਸ਼ ਹੈ ਕਿ ਇਹ ਲੇਖਕ ਅੱਗੋਂ ਵੀ ਇਸ ਖੇਤਰ ਵਿਚ ਪਹਿਲਾਂ ਵਾਂਗ ਹੀ ਨਿਰੰਤਰ ਸੇਵਾ ਕਰਦੇ ਰਹਿਣਗੇ।

ਮਿਤੀ 18 ਫਰਵਰੀ, 1989

**ਹਰਮਿੰਦਰ ਸਿੰਘ ਕੋਹਲੀ**

ਮੁਖੀ ਅਤੇ ਪ੍ਰੋਫੈਸਰ ਧਰਮ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ

# ਲੇਖਕਾਂ ਵਲੋਂ

ਸੰਸਾਰ ਦੇ ਪੁਰਾਤਨ ਧਰਮਾਂ ਵਿਚੋਂ ਜੈਨ ਧਰਮ ਦਾ ਆਪਣਾ ਮਹੱਤਵ ਪੂਰਨ ਸਥਾਨ ਹੈ । ਜੈਨ ਧਰਮ, ਦਰਸ਼ਨ, ਸੰਸਕ੍ਰਿਤੀ ਅਤੇ ਮਾਨਤਾਵਾਂ ਨੂੰ ਲੈ ਕੇ ਕਈ ਭਾਸ਼ਾਵਾਂ ਵਿਚ ਗ੍ਰੰਥ ਉਪਲਬਧ ਹਨ । ਪਰ ਪੰਜਾਬੀ ਭਾਸ਼ਾ ਵਿਚ ਮੁਢਲੀ ਜਾਣਕਾਰੀ ਦੇਣ ਵਾਲਾ ਕੋਈ ਗ੍ਰੰਥ ਨਹੀਂ ਸੀ ।

ਸੁਭਾਗ ਨਾਲ ਸਾਨੂੰ ਸਾਡੀ ਗੁਰੂਣੀ ਪੰਜਾਬੀ ਭਾਸ਼ਾ ਦੀ ਪਹਿਲੀ ਜੈਨ ਸਾਧਵੀ ਲੇਖਿਕਾ, ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਕਾਫੀ ਸਮੇਂ ਤੋਂ ਪ੍ਰੇਰਣਾ ਕਰਦੇ ਆ ਰਹੇ ਸਨ ਕਿ ਕੋਈ ਅਜੇਹੀ ਪੁਸਤਕ ਪੰਜਾਬੀ ਵਿਚ ਜ਼ਰੂਰ ਹੋਣੀ ਚਾਹੀਦੀ ਹੈ ਜੋ ਪਾਠਕਾ ਨੂੰ ਜੈਨ ਧਰਮ ਦੀ ਜਾਣਕਾਰੀ ਦੇ ਸਕੇ । ਗੁਰੂਣੀ ਦੀ ਹਿਦਾਇਤ ਅਤੇ ਆਸ਼ੀਰਵਾਦ ਸਦਕਾ ਅੱਜ ਸਾਨੂੰ ਪੰਜਾਬੀ ਵਿਚ ਲਿਖਦੇ 20 ਸਾਲ ਹੋ ਚੁਕੇ ਹਨ । ਅਜ ਤੋਂ 20 ਸਾਲ ਪਹਿਲਾਂ ਸਾਡਾ ਸਮਰਪਤ ਜੀਵਨ ਸ਼ੁਰੂ ਹੋਇਆ ਸੀ । ਅੱਜ ਸੁਭਾਗ ਦਾ ਵਿਸ਼ਾ ਹੈ ਕਿ ਅਸੀਂ ਜਿਥੇ ਆਪਣੇ ਜੀਵਨ ਵਿਚ ਸੰਸਾਰ ਦੇ ਕੰਮਾਂ ਕਾਰਾਂ ਵਿਚ ਰੁਝੇ ਰਹੇ ਹਾਂ ਉਥੇ ਸਾਡੇ ਆਪਸੀ ਸਮਰਪਿਤ ਜੀਵਨ ਦਾ ਪ੍ਰਤੀਕ ਸਾਡਾ ਧਰਮ ਅਧਿਐਨ ਰਿਹਾ ਹੈ । ਗੁਰੂਣੀ ਜੀ ਮਹਾਰਾਜ ਦੇ ਸਾਡੇ ਜੇਹੇ ਤੁੱਛ ਜੀਵਾਂ ਤੇ ਅਨੰਤ ਉਪਕਾਰ ਹਨ । ਉਨ੍ਹਾਂ ਦੇ ਉਪਕਾਰ ਬਾਰੇ ਤਾਂ ਅਸੀਂ ਸੋਚ ਹੀ ਸਕਦੇ ਹਾਂ ਗੁਰੂ ਦੇ ਉਪਕਾਰਾ ਦਾ ਬਦਲਾ ਕੌਣ ਚੁਕਾ ਸਕਦਾ ਹੈ ।

ਅਸੀਂ ਇਸ ਪੁਸਤਕ ਵਿਚ ਕਾਫੀ ਹਿੰਦੀ, ਅੰਗਰੇਜ਼ੀ ਅਤੇ ਗੁਜਰਾਤੀ ਪੁਸਤਕਾਂ ਦਾ ਸਹਿਯੋਗ ਲਿਆ ਹੈ । ਅਸੀਂ ਇਨ੍ਹਾਂ ਪੁਸਤਕਾਂ ਦੇ ਲੇਖਕਾਂ ਅਤੇ ਪ੍ਰਕਾਸ਼ਕਾ ਦੇ ਧੰਨਵਾਦੀ ਹਾਂ । ਅਸੀਂ ਪਰਮ ਸ਼ਰਧੇ ਸ੍ਰੀ ਰਤਨ ਮੁਨੀ ਜੀ, ਸ੍ਰੀ ਵਿਮਲ ਮੁਨੀ ਜੀ, ਅਚਾਰਿਆ ਸ਼ੁਸ਼ੀਲ ਕੁਮਾਰ ਜੀ, ਉਪਾਧਿਆ ਅਮਰ ਮੁਨੀ ਜੀ, ਅਚਾਰਿਆ ਵਿਜੇਦਰ ਇੰਦਰ ਦਿਨ ਸੂਰੀ ਜੀ ਮਹਾਰਾਜ, ਸਾਧਵੀ ਮਹੇਦਰਾਂ ਜੀ, ਸ੍ਰੀ ਵੀ. ਕੇ. ਜੈਨ ਸ਼ਾਸਤਰੀ, ਸ੍ਰੀ ਤਿਲਕ ਧਰ ਸ਼ਾਸਤਰੀ ਜੀ ਡਾ. ਮਦਨ ਲਾਲ ਹਸਿਜਾ ਭਾਸ਼ਾ ਵਿਭਾਗ ਅਤੇ ਸ੍ਰੀ ਓ. ਪੀ. ਆਨੰਦ ਭਾਸ਼ਾ ਵਿਭਾਗ ਪੰਜਾਬ ਦੇ ਆਸ਼ੀਰਵਾਦ ਤੇ ਸੁਝਾਵ ਲਈ ਧੰਨਵਾਦੀ ਹਾਂ ।

ਇਸ ਪੁਸਤਕ ਦੇ ਲਈ ਦੋ ਸ਼ਬਦ ਲਈ ਪਰਮ ਸਤਿਕਾਰ ਯੋਗ ਡਾ. ਹਰਮਿੰਦਰ ਸਿੰਘ ਕੋਹਲੀ ਅਤੇ ਸਾਡੇ ਮਿੱਤਰ ਸ. ਧਰਮ ਸਿੰਘ ਦੇ ਧੰਨਵਾਦੀ ਹਾ ਜਿਨ੍ਹਾਂ ਸਾਨੂੰ ਪਿਆਰ ਤੇ ਮਾਨ ਬਖਸ਼ਿਆ ਹੈ । ਇਸ ਪੁਸਤਕ ਵਿਚ ਬਹੁਤ ਗਲਤੀਆਂ ਹਨ ਆਸ ਹੈ ਪਾਠਕ ਸੁਧਾਰ ਕੇ ਪੜ੍ਹਨਗੇ ਅਤੇ ਸਾਨੂੰ ਖਿਮਾ ਕਰਨਗੇ ।

## ਭੁਲ ਦੀ ਸੁਧਾਰ

ਉਂਝ ਅੱਖਰਾਂ ਤੇ ਪਰੂਫ ਰੀਡਿੰਗ ਪਖੋਂ ਕਾਫੀ ਗਲਤੀਆਂ ਰਹਿ ਗਈਆਂ ਹਨ। ਪ੍ਰਮੁਖ ਰੂਪ ਵਿਚ ਕਈ ਵਿਸ਼ਿਆ ਦੀ ਵਿਆਖਿਆ ਵੀ ਅਧੂਰੀ ਰਹਿ ਗਈ ਹੈ। ਪਰ ਕੁਝ ਪ੍ਰਮੁਖ ਗਲਤੀਆਂ ਹਨ :

1) ਪੰਨਾ 123 ਤੇ ਲਾਈਨ 23 ਤੇ ਵਾਹੂਬਲੀ ਦੀ ਮੂਰਤੀ ਦੀ ਲੰਬਾਈ 57 ਫੁਟ ਪੜੀ ਜਾਵੇ।

2) ਪੰਨਾ 165 ਤੇ ਲਾਈਨ 29 ਨੂੰ ਇਸ ਪ੍ਰਕਾਰ ਪੜੀ ਜਾਵੇ। "ਜੋ ਗੰਗਾ ਸਿੰਧੂ ਨਦੀਆਂ ਹਨ ਉਨਾਂ ਦੇ 8 ਕਿਨਾਰੇ ਤੇ 9-9 ਖੱਡਾ ਹਨ। ਦੁਖਮਾ ਦੁਖਮਾ ਕਾਲ ਵਿਚ ਬਚੇ ਮਨੁੱਖ ਇਨਾਂ ਖੱਡਾਂ ਵਿਚ ਰਹਿੰਦੇ ਹਨ।"

ਅਸਾਂ ਜੋ ਕੁਝ ਵੀ ਲਿਖਿਆ ਜੈਨ ਪ੍ਰੰਪਰਾ, ਮਾਨਤਾ ਅਤੇ ਗ੍ਰੰਥਾਂ ਅਨੁਸਾਰ ਲਿਖਿਆ ਹੈ

## ਸਮਰਪਣ

ਜਿੰਦਗੀ ਵਿਚ ਕੁਝ ਘਟਨਾਵਾਂ ਸਹਿਜ ਹੋ ਜਾਂਦੀਆਂ ਹਨ। ਉਨ੍ਹਾਂ ਵਿਚ ਇਕ ਘਟਨਾ ਸਹਿਜ ਸਮਰਪਣ ਦੀ ਹੈ। ਅਸੀਂ ਇਸ ਪੁਸਤਕ ਨੂੰ ਸਾਡੇ ਸਮਰਪਨ ਦੇ 20 ਸਾਲ ਪੂਰੇ ਹੋਣ ਦੀ ਖੁਸ਼ੀ ਰੂਪ ਆਪਣੇ ਭੇਂਟ ਸਮਝਦੇ ਹੋਏ, ਇਹ ਪੁਸਤਕ ਜੈਨ ਸਾਧਵੀ ਉਪਪ੍ਰਵਤਨੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਪਵਿਤਰ ਕਰ ਕਮਲਾ ਵਿਚ ਸਮਰਪਨ ਕਰਦੇ ਹਾਂ। ਗੁਰੂਣੀ ਜੀ ਦੇ ਸਾਡੇ ਤੇ ਮਹਾਨ ਉਪਕਾਰ 20 ਸਾਲ ਤੋਂ ਚਲੇ ਆ ਰਹੇ ਹਨ। ਸਾਨੂੰ ਆਸ ਹੈ ਗੁਰੂਣੀ ਜੀ ਦੀ ਪਵਿਤਰ ਛੱਤਰ ਛਾਇਆ ਹੇਠ ਜੈਨ ਏਕਤਾ, ਮਾਨਵ ਏਕਤਾ ਅਤੇ ਅਹਿੰਸਾ ਦਾ ਖੂਬ ਪ੍ਰਚਾਰ ਪ੍ਰਸਾਰ ਹੋਵੇਗਾ। ਅਸੀਂ ਭਵਿੱਖ ਵਿਚ ਵੀ ਗੁਰੂਣੀ ਤੋਂ ਇਹ ਆਸ ਕਰਦੇ ਹਾਂ।

31-3-89 ਸ਼ੁਭ ਚਿੰਤਕ

ਜੈਨ ਭਵਨ ਮਾਲੇਰਕੋਟਲਾ

**ਰਵਿੰਦਰ ਜੈਨ**

**ਪੁਰਸ਼ੋਤਮ ਜੈਨ**

## ਲੇਖਕ ਪ੍ਰੀਚੈ

# ਏਕ ਜੋਤਿ ਦੁਇ ਮੂਰਤੀ

ਸ੍ਰੀ ਪੁਰਸ਼ੋਤਮ ਜੈਨ ਅਤੇ ਸ੍ਰੀ ਰਵਿੰਦਰ ਜੈਨ ਨੂੰ ਮੈਂ ਪਿਛਲੇ 15-16 ਸਾਲਾਂ ਤੋਂ ਜਾਣਦਾ ਹਾਂ। ਜੈਨ ਸਾਹਿੱਤ ਦੀ ਕਿਸੇ ਪੁਸਤਕ ਵਿਚ ਇਨ੍ਹਾਂ ਦਾ ਲੇਖਕ-ਪ੍ਰੀਚੈ ਲਿਖਣ ਵਿਚ ਮੈਨੂੰ ਹਾਰਦਿਕ ਖੁਸ਼ੀ ਵੀ ਮਹਿਸੂਸ ਹੋ ਰਹੀ ਹੈ ਅਤੇ ਇਕ ਝਿਜਕ ਵੀ। ਖੁਸ਼ੀ ਇਸ ਕਰਕੇ ਕਿ ਮੈਨੂੰ ਇਨ੍ਹਾਂ ਲੇਖਕਾਂ ਦੁਆਰਾ ਕੀਤੀ ਜੈਨ ਧਰਮ ਅਤੇ ਸਾਹਿੱਤ ਦੀ ਸੇਵਾ ਨੂੰ ਪੇਸ਼ ਕਰਨ ਅਤੇ ਉਸ ਦੀ ਦਾਦ ਦੇਣ ਦਾ ਅਵਸ਼ਰ ਮਿਲਿਆ ਹੈ। ਝਿਜਕ ਇਸ ਗੱਲ ਦੀ ਹੈ ਕਿ ਇਹ ਦੋਵੇਂ ਨਾਂ ਜੈਨ ਧਰਮ ਅਤੇ ਸਾਹਿੱਤ ਦੇ ਖੇਤਰ ਵਿਚ ਕਿਸੇ ਪ੍ਰੀਚੈ ਦੇ ਮੁਹਤਾਜ ਨਹੀਂ।

ਇਨ੍ਹਾਂ ਦੋਨਾਂ ਧਰਮ-ਭਰਾਵਾਂ ਨੇ ਰਲ ਕੇ ਪਿਛਲੇ 20 ਵਰਿਆਂ ਵਿਚ ਜਿੰਨੀ ਸੇਵਾ ਜੈਨ ਧਰਮ ਅਤੇ ਜੈਨ ਸਾਹਿੱਤ ਦੀ ਕੀਤੀ ਹੈ ਹੋਰ ਕਿਸੇ ਵਿਅਕਤੀ ਨੇ ਸ਼ਾਇਦ ਹੀ ਕੀਤੀ ਹੋਵੇ। ਖਾਸ ਤੌਰ ਤੇ, ਪੰਜਾਬੀ ਭਾਸ਼ਾ ਵਿਚ ਜੈਨ ਧਰਮ ਅਤੇ ਸਾਹਿੱਤ ਤੇ ਕੰਮ ਕਰਨ ਦਾ ਸਾਰਾ ਸ਼੍ਰੇਅ ਇਨ੍ਹਾਂ ਲੇਖਕਾਂ ਨੂੰ ਹੀ ਜਾਂਦਾ ਹੈ, ਹਾਲੇ ਤੀਕ ਹੋਰ ਕਿਸੇ ਲੇਖਕ ਨੇ ਜੈਨ ਧਰਮ ਜਾਂ ਸਾਹਿੱਤ ਬਾਰੇ ਪੰਜਾਬੀ ਵਿਚ ਕੋਈ ਵਰਨਣ-ਯੋਗ ਕੰਮ ਨਹੀਂ ਕੀਤਾ। ਦੋ ਲੇਖਕਾਂ ਦਾ ਇਨ੍ਹਾਂ ਲੰਮਾ ਅਰਸਾ ਰਲ ਕੇ ਕੰਮ ਕਰਦੇ ਰਹਿਣਾ ਵੀ ਆਪਣੇ ਆਪ ਵਿਚ ਇਕ ਲਾ-ਜਵਾਬ ਮਿਸਾਲ ਹੈ। ਸ਼ਾਇਦ ਇਨ੍ਹਾਂ ਦੇ ਆਪਸੀ ਪਿਆਰ ਅਤੇ ਇੰਨੀ ਲੰਮੀ ਵਿਚਾਰ ਸਾਂਝ ਦੇ ਨਾਲ ਨਾਲ ਦੋਹਾਂ ਦਾ ਜੀਵਨ-ਉਦੇਸ਼ ਇਕ ਹੋਣ ਕਰਕੇ ਹੀ ਇਨ੍ਹਾਂ ਨੂੰ ਸਾਹਿੱਤਕ ਅਤੇ ਸਮਾਜਕ ਹਲਕਿਆਂ ਵਿਚ 'ਹੰਸਾਂ ਦੀ ਜੋੜੀ', 'ਇਕ ਰੂਹ', ਆਦਿ ਵਿਸ਼ੇਸ਼ਤਾਵਾਂ ਨਾਲ ਜਾਣਿਆਂ ਜਾਂਦਾ ਹੈ।

ਸ੍ਰੀ ਪੁਰਸ਼ੋਤਮ ਜੈਨ ਦਾ ਜਨਮ ਜ਼ਿਲ੍ਹਾ ਸੰਗਰੂਰ ਦੇ ਨਗਰ ਧੂਰੀ ਵਿਖੇ 10 ਨਵੰਬਰ 1946 ਨੂੰ ਸ੍ਰੀ ਸਵਰੂਪ ਚੰਦ ਜੈਨ ਅਤੇ ਮਾਤਾ ਲਕਸ਼ਮੀ ਦੇਵੀ ਦੇ ਘਰ ਹੋਇਆ। ਧਰਮ-ਯੁਕਤ ਪਰਿਵਾਰਕ ਮਾਹੌਲ ਨੇ ਆਪ ਨੂੰ ਬਚਪਨ ਤੋਂ ਹੀ ਡੂੰਘੀ ਧਾਰਮਿਕ ਸੰਗਤ ਵਿਚ ਰੰਗ ਦਿਤਾ। ਮਾਂ-ਬਾਪ ਅਤੇ ਸੰਤਾਂ-ਸਾਧਵੀਆਂ ਦੇ ਉਪਦੇਸ਼ਾਂ ਅਤੇ ਸਿਖਿਆਵਾਂ ਨੇ ਆਪ ਦੇ ਮਨ ਨੂੰ ਮਾਯਾ-ਯੁਕਤ ਹੋਣ ਤੋਂ ਬਚਾ ਕੇ ਭਗਵਾਨ ਮਹਾਵੀਰ ਅਤੇ ਜੈਨ ਧਰਮ ਦੀਆਂ ਸਿਖਿਆਵਾਂ ਵੱਲ ਆਕਰਸ਼ਿਤ ਕੀਤਾ। ਮੁੱਢ ਤੋਂ ਹੀ ਆਪ ਹਰ ਪ੍ਰਕਾਰ ਦੀ ਹਿੰਸਾ ਦੇ ਵਿਰੁੱਧ ਸਨ, ਅਤੇ ਅਹਿੰਸਾ ਅਤੇ ਧਾਰਮਿਕ ਮਾਮਲਿਆਂ ਵਿਚ ਵਧੇਰੇ ਧਿਆਨ ਦਿੰਦੇ ਸਨ। ਇਸ ਤਰ੍ਹਾਂ ਕਈ ਸੰਤਾਂ-ਸਾਧਵੀਆਂ ਦੀ ਸੰਗਤ ਤੋਂ ਅਧਿਆਤਮਕ ਗਿਆਨ ਪ੍ਰਾਪਤ ਕਰਨ ਦੇ ਨਾਲ ਨਾਲ ਆਪ ਵਿਵਹਾਰਕ ਵਿਦਿਆ ਵੀ ਪ੍ਰਾਪਤ ਕਰਦੇ ਰਹੇ। ਆਪ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ 1968 ਈ: ਵਿਚ ਬੀ. ਏ. ਦੀ ਡਿਗਰੀ ਪ੍ਰਾਪਤ ਕੀਤੀ। ਜੈਨ ਧਰਮ ਅਤੇ ਹੋਰ ਧਰਮਾਂ ਦੇ ਅਧਿਅਨ ਦੀ ਰੁਚੀ ਨੇ ਆਪ ਨੂੰ ਬੀ. ਏ. ਧਰਮ ਦਾ ਐਡੀਸ਼ਨਲ ਪਰਚਾ ਦੇਣ ਲਈ ਪ੍ਰੇਰਿਤ ਕੀਤਾ ਜਿਹੜਾ ਆਪ ਨੇ 1976 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ

ਤੋਂ ਪਾਸ ਕੀਤਾ।

ਸ੍ਰੀ ਪੁਰਸ਼ੋਤਮ ਜੈਨ ਦਾ ਸ੍ਰੀ ਰਵਿੰਦਰ ਜੈਨ ਨਾਲ ਮੇਲ 31 ਮਾਰਚ 1969 ਨੂੰ ਮਲੇਰਕੋਟਲਾ ਵਿਖੇ ਹੋਇਆ ਜਿਥੇ ਆਪ ਨੌਕਰੀ ਕਰਦੇ ਸਨ ਅਤੇ ਜਿਹੜਾ ਸ੍ਰੀ ਰਵਿੰਦਰ ਜੈਨ ਦਾ ਜਨਮ ਸਥਾਨ ਸੀ। ਇਹ ਮੁਲਾਕਾਤ ਇਕ ਅਜਿਹੇ ਰਿਸ਼ਤੇ ਵਿਚ ਤਬਦੀਲ ਹੋ ਗਈ। ਜਿਸ ਦੇ ਨਤੀਜੇ ਵਜੋਂ ਅੱਜ ਸਾਨੂੰ ਇਨ੍ਹਾਂ ਵਲੋਂ ਜੈਨ ਧਰਮ ਦੇ ਭਿੰਨ ਭਿੰਨ ਵਿਸ਼ਿਆਂ ਨਾਲ ਸਬੰਧਿਤ 15 ਅਨੁਵਾਦਿਤ ਅਤੇ 25 ਮੂਲ-ਪੁਸਤਕਾਂ ਮਿਲ ਸਕੀਆਂ ਹਨ। ਜਿਸ ਤਰ੍ਹਾਂ ਦਾ ਸਮਰਪਤ ਅਤੇ ਸਵਾਰਥ-ਰਹਿਤ ਜੀਵਨ ਇਹ ਦੋਨੋਂ 'ਭਰਾ' ਜੀ ਰਹੇ ਹਨ ਉਸ ਤੋਂ ਆਸ ਰਖੀ ਜਾ ਸਕਦੀ ਹੈ ਕਿ ਇਹ ਜੈਨ ਧਰਮ ਅਤੇ ਸਾਹਿੱਤ ਦੀ ਨਿਗਰ ਸੇਵਾ ਕਰ ਸਕਣਗੇ।

ਸ੍ਰੀ ਰਵਿੰਦਰ ਜੈਨ ਦਾ ਜਨਮ 23 ਅਕਤੂਬਰ 1949 ਨੂੰ ਮਲੇਰਕੋਟਲਾ ਦੇ ਇਕ ਧਰਮ-ਯੁਕਤ ਪਰਿਵਾਰ ਵਿਚ ਸ੍ਰੀ ਮੋਹਨ ਲਾਲ ਜੈਨ ਅਤੇ ਮਾਤਾ ਸ੍ਰੀਮਤੀ ਬਿਮਲਾ ਦੇਵੀ ਜੈਨ ਦੇ ਘਰ ਹੋਇਆ। ਸ੍ਰੀ ਰਵਿੰਦਰ ਜੈਨ ਨੇ ਆਪਣਾ ਬੀ. ਏ. ਦਾ ਇਮਤਿਹਾਨ 1972 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਤੋਂ ਪਾਸ ਕੀਤਾ ਅਤੇ ਉਪਰੰਤ 1976 ਈ: ਵਿਚ ਬੀ. ਏ. ਦਾ ਧਰਮ ਦਾ ਐਡੀਸ਼ਨਲ ਪਰਚਾ ਪਾਸ ਕੀਤਾ। ਇਸ ਵਿਵਹਾਰਕ ਵਿਦਿਆ ਦੇ ਨਾਲ ਨਾਲ ਆਪ ਸਦੈਵ ਅਧਿਆਤਮਕ ਪ੍ਰਾਪਤੀ ਵੱਲ ਵੀ ਰੁਚਿਤ ਰਹੇ ਅਤੇ ਕਈ ਜੈਨ ਸੰਤ-ਸਾਧਵੀਆਂ ਦੀ ਸੰਗਤ ਤੋਂ ਭਰਪੂਰ ਲਾਭ ਉਠਾਇਆ।

ਦੋਵੇਂ ਧਰਮ ਭਰਾ ਅਨੇਕਾ ਸੰਸਥਾਵਾਂ ਨਾਲ ਸੰਬੰਧਿਤ ਹਨ ਦੋਵਾਂ ਨੂੰ ਪੰਜਾਬੀ ਜੈਨ ਸਾਹਿੱਤ ਦੀ ਪ੍ਰੇਰਣਾ, ਪ੍ਰਸਿਧ ਜੈਨ ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਨੇ ਦਿਤੀ ਹੈ ਜੋ ਲਗਾਤਾਰ ਆਪਣੀ ਅਗਵਾਈ ਵਿਚ ਇਹ ਜੈਨ ਸਾਹਿੱਤ ਰਚਨਾ ਕਰਵਾ ਰਹੇ ਹਨ। ਆਪ ਮਹਾਨ ਵਿਦੁਸ਼ੀ ਸਾਧਵੀ ਹਨ। ਪੰਜਾਬੀ ਵਿਸ਼ਵ ਵਿਦਿਆਲੇ ਦੀ ਜੈਨ ਚੇਅਰ ਨੇ ਆਪ ਦਾ **ਜਿਨ ਸ਼ਾਸਨ ਪ੍ਰਭਾਵਿਕਾ** ਪਦ ਨਾਲ ਸਨਮਾਨ ਕੀਤਾ ਸੀ। ਆਪ ਪਹਿਲੀ ਜੈਨ ਸਾਧਵੀ ਸਨ ਜੋ ਅਚਾਰਿਆ ਆਤਮਾ ਰਾਮ ਭਾਸ਼ਨ ਮਾਲਾ ਲਈ ਬੁਲਾਏ ਗਏ ਸਨ।

ਸ੍ਰੀ ਪੁਰਸ਼ੋਤਮ ਜੈਨ ਅਤੇ ਸ੍ਰੀ ਰਵਿੰਦਰ ਜੈਨ ਦਾ ਸਮੁਚਾ ਜੀਵਨ ਧਰਮ ਹਿੱਤ ਸਮਰਪਿਤ ਹੈ। ਸਾਧਾਰਣ ਵਿਵਹਾਰਕ ਜੀਵਨ ਵਿਚ ਵਿਚਰਦਿਆ ਹੋਇਆਂ ਵੀ ਇਨ੍ਹਾਂ ਨੇ ਆਪਣੇ ਆਪ ਨੂੰ ਸੰਸਾਰ ਤੋਂ ਇਸ ਤਰ੍ਹਾਂ ਬਚਾ ਕੇ ਰਖਿਆ ਹੋਇਆ ਹੈ ਜਿਵੇਂ ਕੰਵਲ ਦਾ ਫੁੱਲ ਚਿੱਕੜ ਤੋਂ ਜੀਵਨ ਲੈ ਕੇ ਵੀ ਆਪਣੇ ਆਪ ਨੂੰ ਉਸ ਤੋਂ ਉਪਰ ਰਖਦਾ ਹੈ। ਇਨ੍ਹਾਂ ਦਾ ਸੰਤ ਸੁਭਾਅ ਅਤੇ ਸਵਾਰਥ-ਰਹਿਤ ਸਮਰਪਿਤ ਜੀਵਨ ਜੈਨ ਧਰਮ ਵਿਚ, ਖਾਸ ਕਰਕੇ ਅੱਜ ਦੇ ਭੌਤਿਕ ਯੁਗ ਵਿਚ, ਸਾਡੇ ਸਾਰਿਆਂ ਲਈ ਇਕ ਚਾਨਣ-ਮੁਨਾਰਾ ਅਤੇ ਪ੍ਰੇਰਣਾ-ਸਰੋਤ ਹੈ।


**ਧਰਮ ਸਿੰਘ**

ਧਰਮ ਅਧਿਐਨ ਵਿਭਾਗ

ਪੰਜਾਬੀ ਯੂਨੀਵਰਸਿਟੀ ਪਟਿਆਲਾ

# ਸਹਿਯੋਗੀਆਂ ਦੀ ਸੂਚੀ

ਡਾ: ਰਾਮ ਕੁਮਾਰ ਸੰਗਰੂਰ
ਸ੍ਰੀ ਸੁਦਰਸ਼ਨ ਲਾਲ ਜੈਨ ਦਿੱਲੀ
ਸ੍ਰੀ ਮਥੁਰਾ ਦਾਸ ਜੈਨ ਸੰਗੋਰਿਆ
ਭੈਣ ਅੰਜੂ ਜੈਨ ਲੁਧਿਆਣਾ
ਸ੍ਰੀਮਤੀ ਕਮਲਾ ਜੀ ਹੁਸ਼ਿਆਰਪੁਰ
ਸ੍ਰੀ ਵਿਵੇਕ ਜੈਨ ਜਲੰਧਰ
ਸ੍ਰੀ ਮਦਨ ਲਾਲ ਲੁਧਿਆਣਾ
ਸ੍ਰੀ ਸੁਸ਼ੀਲ ਜੈਨ ਹੁਸ਼ਿਆਰਪੁਰ
ਭੈਣ ਵਿਜਯ ਕੁਮਾਰੀ ਜੈਨ ਸੋਨੀਪਤ
ਸ੍ਰੀ ਅਜਿਤ ਜੈਨ ਲੁਧਿਆਣਾ
ਭੈਣ ਸੰਤੋਸ਼
ਭੈਣ ਵਿਮਲਾ ਰਾਜਪੁਰਾ
ਭੈਣ ਸਨੇਹ ਬਠਿੰਡਾ
ਸ੍ਰੀ ਸੁਰਿੰਦਰ ਕੁਮਾਰ ਮਹਿੰਦਰਗੜ੍ਹ
ਸ੍ਰੀ ਹਰੀ ਕ੍ਰਿਸ਼ਨ ਗੋਇੰਦਵਾਲ
ਭੈਣ ਮੰਮਤਾ ਜੈਨ ਹਨੂੰਮਾਨਗੜ੍ਹ
ਭੈਣ ਲੱਜਾ ਜੈਨ ਹਨੂੰਮਾਨਗੜ੍ਹ
ਸ੍ਰੀ ਰਮੇਸ਼ ਕੁਮਾਰ ਜੈਨ ਜਲੰਧਰ
ਸ੍ਰੀ ਮੁਕੇਸ਼ ਜੈਨ ਦਿੱਲੀ
ਸ੍ਰੀ ਰਾਮ ਮੂਰਤੀ ਜੈਨ ਮਲੇਰਕੋਟਲਾ

ਸ੍ਰੀ ਰਮੇਸ਼ ਜੈਨ ਸਪੁਤਰ
ਸ੍ਰੀ ਮੁਨਾ ਲਾਲ ਜੈਨ ਮਲੇਰਕੋਟਲਾ
ਸ੍ਰੀ ਹੰਸਰਾਜ ਤੇਜ ਪਾਲ ਜੈਨ ਮਲੇਰਕੋਟਲਾ
ਸ੍ਰੀ ਵਿਜੈ ਕੁਮਾਰ ਗੋਇਲ ਧੂਰੀ
ਸ੍ਰੀ ਰਾਮ ਕ੍ਰਿਸ਼ਨ ਕਿੰਗਰ ਸਪੁਤਰ
ਸ੍ਰੀ ਗੁਰਇਆ ਰਾਮ ਨਵਭਾਰਤ ਕਾਸੀਟਰਾਂ
ਰੇਲਵੇ ਰੋਡ ਮਲੇਰਕੋਟਲਾ
ਸ੍ਰੀ ਆਤਮਾ ਨੰਦ ਜੈਨ ਸਭਾ ਮਲੇਰਕੋਟਲਾਂ
ਸ੍ਰੀ ਵਿਮਲ ਜੈਨ ਸਨਮਤੀ ਚੈਰੀਟੇਵਲ ਟ੍ਰਸਟ
ਕੁੱਪ ਕਲਾਂ
ਸ੍ਰੀ ਰਾਜਕੁਮਾਰ ਜੈਨ ਮਲੇਰਕੋਟਲਾ
ਭਾਰਤ ਕੋਲ ਏਜੰਸੀ ਲੁਧਿਆਣਾ
ਸ੍ਰੀ ਪਵਨ ਕੁਮਾਰ ਜੈਨ ਮਲੇਰਕੋਟਲਾਂ
ਸ੍ਰੀਮਤੀ ਰਘੋ ਦੇਵੀ ਜੈਨ, ਵਿਮਲਾ ਜੈਨ
ਸਰਲਾ ਜੈਨ
ਸ੍ਰੀ ਜੀਵਨ ਕੁਮਾਰ ਜੈਨ ਧੂਰੀ
ਸ. ਝਿਰਮਿੱਲ ਸਿੰਘ ਗੋਬਿੰਦਪੁਰਾਂ
ਸੁਭਾਸ਼ ਜੈਨ ਲੁਧਿਆਣਾ
ਸੁਰਿੰਦਰ ਕੁਮਾਰ ਮਲੇਰਕੋਟਲਾ
ਐਸ ਐਸ ਕਟਾਰੀਆ

ਉਪਰੋਕਤ ਸਭ ਧਰਮ ਪ੍ਰੇਮੀ ਉਪਾਸਨਾ ਦਾ 25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਸੰਯੋਜਿਨਾ ਸਮਿਤੀ ਤਹਿਦਿਲ ਤੋਂ ਧੰਨਵਾਦ ਕਰਦੀ ਹੈ ਜਿਨਾ ਅਪਣੀ ਪਵਿੱਤਰ ਕਮਾਈ ਨੂੰ ਧਰਮ ਪ੍ਰਚਾਰ ਉਦੇਸ਼ ਲਈ ਵਰਤਿਆ। ਭਵਿੱਖ ਵਿਚ ਵੀ ਸੰਸਥਾਂ ਨੂੰ ਸਹਿਯੋਗ ਮਿਲਦਾ ਰਹੇਗਾ।

ਸ਼ੁਭ ਚਿੰਤਕ

ਸੰਯੋਜਕ

**25ਵੀਂ ਮਹਾਵੀਰ ਨਿਰਵਾਨ ਸ਼ਤਾਵਦੀ ਸੰਯੋਜਿਕਾ ਸਮਿਤਿ**

ਪੰਜਾਬ।

31-3-89
ਜੈਨ ਭਵਨ
ਮਲੇਰਕੋਟਲਾ